**Exam. Code : 216501**
**Subject Code : 6551**

## M.A. Punjabi Semester—I

## SAHIT SIDHANT ATE BHARTI KAV SHASTRA

## Paper–III

Time Allowed—3 Hours] [Maximum Marks—80

**ਨੋਟ :** ਭਾਗ ੳ, ਅ, ੲ ਅਤੇ ਸ ਵਿੱਚੋਂ ਕੋਈ **ਇੱਕ-ਇੱਕ** ਪ੍ਰਸ਼ਨ ਕਰੋ, ਹਰ ਪ੍ਰਸ਼ਨ 15 ਅੰਕਾਂ ਦਾ ਹੈ। ਭਾਗ ਹ ਦੇ ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰ ਪ੍ਰਸ਼ਨ ਦੇ 2 ਅੰਕ ਹਨ।

### ਭਾਗ-ੳ

1. ਸਾਹਿਤ ਦੀ ਪ੍ਰਕਿਰਤੀ ਬਾਰੇ ਦੱਸਦੇ ਹੋਏ ਇਸ ਦੇ ਪ੍ਰਕਾਰਜਾਂ ਬਾਰੇ ਚਾਨਣਾ ਪਾਓ।

ਜਾਂ

2. ਸਾਹਿਤ ਅਤੇ ਸਮਾਜ ਦੇ ਆਪਸੀ ਸੰਬੰਧਾਂ ਬਾਰੇ ਦੱਸੋ। 15

### ਭਾਗ-ਅ

3. ਅਰਸਤੂ ਦੇ ਵਿਰੇਚਣ ਸਿਧਾਂਤ ਬਾਰੇ ਆਪਣੇ ਵਿਚਾਰ ਪੇਸ਼ ਕਰੋ।

ਜਾਂ

4. ਮਾਰਕਸਵਾਦੀ ਆਲੋਚਨਾ ਪ੍ਰਣਾਲੀ ਕੀ ਹੈ ? 15

### ਭਾਗ-ੲ

5. ਭਾਰਤੀ ਕਾਵਿ-ਸ਼ਾਸਤਰ ਦੀ ਮੁੱਢਲੀ ਜਾਣ-ਪਛਾਣ ਦਿੰਦੇ ਹੋਏ ਇਸ ਦੀਆਂ ਸੰਪ੍ਰਦਾਵਾਂ ਬਾਰੇ ਦੱਸੋ।

ਜਾਂ

6. ਰਸ ਸੰਪ੍ਰਦਾਇ ਦੇ ਮਹੱਤਵ ਦੱਸਦੇ ਹੋਏ ਰਸ ਦੀ ਪ੍ਰਕਾਰ ਵੰਡ ਬਾਰੇ ਸਪੱਸ਼ਟ ਕਰੋ। 15



http://www.gnduonline.com

### ਭਾਗ-ਸ

7. ਵਾਰਤਕ ਦੀ ਵਿਹਾਰਕ ਆਲੋਚਨਾ ਕਰਨ ਸਮੇਂ ਕਿੰਨ੍ਹਾਂ ਸਿਧਾਂਤਾਂ ਨੂੰ ਆਧਾਰ ਬਣਾਇਆ ਜਾਣਾ ਚਾਹੀਦਾ ਹੈ ?

ਜਾਂ

8. ਹੇਠ ਲਿਖੀ ਕਾਵਿ-ਟੁਕੜੀ ਦੀ ਵਿਹਾਰਕ ਸਮੀਖਿਆ ਕਰੋ :

ਅਵਲ ਹਮਦ ਖ਼ੁਦਾ ਦਾ ਵਿਰਦ ਕੀਜੈ,
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।
ਪਹਿਲਾਂ ਆਪ ਅੱਲਾਹ ਨੇ ਇਸ਼ਕ ਕੀਤਾ,
ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ,
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖੁਲ੍ਹੇ ਤਿਨਾਂ ਦੇ ਬਾਬ ਕਲੂਬ ਅੰਦਰ,
ਜਿੰਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ। 15

### ਭਾਗ-ਹ

9. (I) ਕੀ ਸਾਹਿਤ ਅਤੇ ਸਮਾਜ ਦਾ ਕੋਈ ਰਿਸ਼ਤਾ ਹੁੰਦਾ ਹੈ ? ਸਪੱਸ਼ਟ ਕਰੋ।
   (II) ਸਾਹਿਤ ਆਲੋਚਨਾ ਦਾ ਕੀ ਪ੍ਰਯੋਜਨ ਹੈ ?
   (III) ਸਾਹਿਤ ਉੱਪਰ ਸ਼ਖ਼ਸੀਅਤ ਦਾ ਕੀ ਅਸਰ ਹੁੰਦਾ ਹੈ ?
   (IV) 'ਅਨੁਕਰਣ' ਤੋਂ ਕੀ ਭਾਵ ਹੈ ?
   (V) ਰਹੱਸਵਾਦੀ ਆਲੋਚਨਾ ਸਾਹਿਤ ਵਿੱਚ ਕਿਸ ਚੀਜ਼ 'ਤੇ ਵੱਧ ਜ਼ੋਰ ਦਿੰਦੀ ਹੈ ?
   (VI) 'ਧੁਨੀ' ਕੀ ਹੈ ? ਸਪੱਸ਼ਟ ਕਰੋ।
   (VII) ਅਲੰਕਾਰ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?
   (VIII) ਪੰਜਾਬੀ ਕਵਿਤਾ ਵਿਚਲੇ ਕਿਸੇ ਦੋ ਪ੍ਰਯੋਗਵਾਦੀ ਕਵੀਆਂ ਦੇ ਨਾਂ ਲਿਖੋ।
   (IX) ਪ੍ਰਗਤੀਵਾਦੀ ਕਵਿਤਾ ਕਿਸ ਕਵਿਤਾ ਨੂੰ ਕਹਿੰਦੇ ਹਨ ?
   (X) ਚੰਗੀ ਕਵਿਤਾ ਦੇ ਕੀ ਗੁਣ ਹੁੰਦੇ ਹਨ ? 10×2=20